بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 22.10.2021

ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ

## ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੇ ਮਹਾਨ ਮਰਤਬਾ ਰਖੱਣ ਵਾਲੇ ਖ਼ਲੀਫ਼ਾ ਰਾਸ਼ਿਦ ਫ਼ਾਰੂਕ ਹਜ਼ਰਤ ਉਮਰ ਬਿਨ ਖ਼ਤਾਬ ਰਜ਼ੀ ਅਲੱਾਹੁ ਅਨਹੁ ਦੇ ਸਦਗੁਣਾ ਦਾ ਜ਼ਿਕਰ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 22 ਅਕਤੂਬਰ 2021 ਈ. ਨੂੰ ਮਸਜਿਦ ਮੁਬਾਰਕ, ਇਸਲਾਮਾਬਾਦ (ਬਰਤਾਨੀਆ) ਵਿੱਚ ਦਿਤੱਾ**

أَشۡهَدُ أَنۡ لَا إِلٰهَ إِلَّا اللّٰهُ وَحۡدَهٗ لَا شَرِيۡكَ لَهٗ وَأَشۡهَدُ أَنَّ مُحَمَّدًا عَبۡدُهٗ وَرَسُوۡلُهٗ أَمَّا بعد فاعوذ بالله من الشيطٰن الرجيم۔
بِسۡمِ اللّٰهِ الرَّحۡمٰنِ الرَّحِيۡمِ۔ اَلۡحَمۡدُ لِلّٰهِ رَبِّ الۡعَالَمِيۡنَ۔ الرَّحۡمٰنِ الرَّحِيۡمِ۔ مَالِكِ يَوۡمِ الدِّيۡنِ۔ إِيَّاكَ نَعۡبُدُ وَإِيَّاكَ نَسۡتَعِيۡنُ۔ اِهۡدِنَا الصِّرَاطَ الۡمُسۡتَقِيۡمَ۔ صِرَاطَ الَّذِيۡنَ أَنۡعَمۡتَ عَلَيۡهِمۡ غَيۡرِ الۡمَغۡضُوۡبِ عَلَيۡهِمۡ وَلَا الضَّآلِّيۡنَ۔

ਤਸ਼ਹਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ : ਬੀਤੇ ਖ਼ੁਤਬੇ ਵਿੱਚ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੀ ਸ਼ਹੀਦੀ ਬਾਰੇ ਹਜ਼ਰਤ ਉਬੈਦੁਲੱਾਹ ਬਿਨ ਉਮਰੋ ਰਜ਼ੀ ਅਲੱਾਹੁ ਅਨਹੁ ਅਤੇ ਹਜ਼ਰਤ ਉਸਮਾਨ ਰਜ਼ੀ ਅਲੱਾਹੁ ਅਨਹੁ ਦੇ ਆਪਸੀ ਅਪਵਾਦ ਦਾ ਜ਼ਿਕਰ ਕੀਤਾ ਗਿਆ ਸੀ । ਇਸ ਬਾਰੇ ਹੋਰ ਪੜਤਾਲ ਕਰਨ ਨਾਲ ਪਤਾ ਲਗੱਾ ਹੈ ਕਿ ਜੱਦ ਇਹਨਾ ਦੋਹਾਂ ਵਿੱਚ ਅਪਵਾਦ ਹੋਇਆ ਤਾਂ ਉਸ ਸਮੇਂ ਹਜ਼ਰਤ ਉਸਮਾਨ ਰਜ਼ੀ ਅਲੱਾਹੁ ਅਨਹੁ ਖ਼ਿਲਾਫ਼ਤ ਦੇ ਤਖ਼ਤ ਉਪੱਰ ਬਿਰਾਜਮਾਨ ਨਹੀਂ ਹੋਏ ਸਨ । ਪਹਿਲਾਂ ਪਹਿਲ ਤਾਂ ਹਜ਼ਰਤ ਉਬੈਦੁਲੱਾਹ ਬਿਨ ਉਮਰੋ ਰਜ਼ੀ ਅਲੱਾਹੁ ਅਨਹੁ ਦਾ ਨਿਸ਼ਚਾ ਸੀ ਕਿ ਉਹ ਮਦੀਨਿ ਵਿੱਚ ਮੌਜੂਦ ਸਾਰਿਆਂ ਕੈਦੀਆਂ ਤੇ ਗ਼ੁਲਾਮਾ ਨੂੰ ਕਤਲ ਕਰ ਦੇਣ ਪਰ ਮੁਹਾਜਰ ਸਹਾਬਾ ਦੇ ਸਮਝਾਉਣ'ਤੇ ਉਹ ਆਪਣੇ ਨਿਸ਼ਚੇ ਤੋਂ ਟੱਲ ਗਏ । ਜੱਦ ਹਜ਼ਰਤ ਉਸਮਾਨ ਰਜ਼ੀ ਅਲੱਾਹੁ ਅਨਹੁ ਖ਼ਲੀਫ਼ਾ ਨਿਯੁਕਤ ਹੋ ਗਏ ਤਾਂ ਉਬੈਦੁਲੱਾਹ ਬਿਨ ਉਮਰੋ ਰਜ਼ੀ ਅਲੱਾਹੁ ਅਨਹੁ ਨੂੰ ਆਪਦੇ ਸਾਹਮਣੇ ਪੇਸ਼ ਕੀਵਤਾ ਗਿਆ । ਹਜ਼ਰਤ ਅਲੀ ਰਜ਼ੀ ਅਲੱਾਹੁ ਅਨਹੁ ਨੇ ਉਬਦੁਲੱਾਹ ਦੇ ਕਤਲ ਦੇ ਮਸ਼ਵਰਾ ਦਿਤੱਾ ਪਰੰਤੂ ਹੋਰਨਾ ਸਹਾਬਾ ਨੇ ਇਸ ਮਸ਼ਵਰੇ ਦੇ ਵਿਰੁਧ ਸਲਾਹ ਦਿੱਤੀ ਅਤੇ ਕਿਹਾ ਕਿ ਕੱਲ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦਾ ਕਤਲ ਹੋਏ ਹਨ ਅਤੇ ਅੱਜ ਉਹਨਾਂ ਦਾ ਪੁਤੱਰ ਨੂੰ ਕਤਲ ਕਰ ਦਿਤੱਾ ਜਾਏ । ਇਹ ਗੱਲ ਅਸਹਿਨ ਯੋਗ ਤੇ ਅਤਿਅੰਤ ਸਖ਼ਤੀ ਹੈ । ਇਸ ਅਵਸਥਾ ਕਰਕੇ ਹਜ਼ਰਤ ਉਸਮਾਨ ਰਜ਼ੀ ਅਲੱਾਹੁ ਅਨਹੁ ਨੇ ਆਪਣੇ ਧੰਨ ਮਾਲ ਵਿੱਚੋਂ ਮਕਤੂਲੀਨ (ਕਤਲ ਹੋਇਆਂ) ਦਾ ਖ਼ੂਨ ਬਹਾ ਅਦਾ ਕੀਤਾ ।

ਤਵਾਰੀਖ਼ ਤਿਬਰੀ ਅਨੁਸਾਰ ਹਜ਼ਰਤ ਉਸਮਾਨ ਰਜ਼ੀ ਅਲੱਾਹੁ ਅਨਹੁ ਨੇ ਕਿਸਾਸ (ਬਦਲੇ) ਦੇ ਰੂਪ ਵਿੱਚ ਉਬੈਦੁਲੱਾਹ ਨੂੰ ਹਰਮਜ਼ਾਨ ਦੇ ਪੁਤੱਰ ਦੇ ਸੁਪੁਰਦ ਕਰ ਦਿਤੱਾ ਸੀ । ਜੱਦ ਉਹ ਉਬੈਦੁਲੱਾਹ ਨੂੰ ਕਤਲ ਕਰਨ ਲਈ ਜਾਣ ਲਗੱਾ ਤਾਂ ਲੋਕਾਂ ਨੇ ਵਾਰ ਵਾਰ ਉਸਨੂੰ ਉਬੈਦੁਲੱਾਹ ਨੂੰ ਛੱਡ ਦੇਣ ਦੀ ਬਿਨਤੀ ਕੀਤੀ । ਜਿਸ'ਤੇ ਹਰਮਜ਼ਾਨ ਦੇ ਪੁਤੱਰ ਨੇ ਰੱਬ ਅਤੇ ਲੋਕਾਂ ਖ਼ਾਤਰ ਉਬੈਦੁਲੱਾਹ ਨੂੰ ਛੱਡ ਦਿਤੱਾ । ਕੀ ਇਸਲਾਮ ਦੇ ਇਨਕਾਰੀ (ਕਾਫ਼ਰ) ਦੇ ਕਤਲ ਹੋਣ ਬਦਲੇ ਮੁਸਲਮਾਨ ਕਾਤਲ ਨੂੰ ਦੰਡ ਦਿਤੱਾ ਜਾ ਸਕਦਾ ਹੈ । ਇਸ ਸਮੱਸਿਆ ਦੇ ਹਲ ਲਈ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹੁ ਅਨਹੁ ਨੇ ਇਸ ਘਟਨਾ ਦੀ ਵਿਸਥਾਰਪੂਰਨ ਵਿਆਖਿਆ ਵਰਨਣ ਕੀਤੀ ਹੈ । ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹੁ ਅਨਹੁ ਫ਼ਰਮਾਉਂਦੇ ਹਨ ਕਿ ਇਸ ਰਿਵਾਇਤ ਤੋਂ ਸਾਬਤ ਹੈ ਕਿ ਸਹਾਬਾ ਦਾ ਇਹੋ ਢੰਗ ਸੀ ਕਿ ਉਹ ਗ਼ੈਰ ਮੁਸਲਿਮ ਦੇ ਮੁਸਲਮਾਨ ਕਾਤਲ ਨੂੰ ਕਤਲ ਦੀ ਦਾ ਦੰਡ ਦਿੰਦੇ ਸਨ ।

ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੀਆਂ ਬਿਨਤੀਆਂ, ਨਿਮ੍ਰਤਾ ਤੇ ਆਜਜ਼ੀ ਦਾ ਇਹ ਹਾਲ ਸੀ ਕਿ ਆਪ ਰਜ਼ੀ ਅਲੱਾਹੁ ਅਨਹੁ ਨੇ ਦੇਹਾਂਤ ਸਮੇਂ ਆਪਣੇ ਬੇਟੇ ਨੂੰ ਕਿਹਾ ਕਿ ਮੇਰੇ ਕਫ਼ਨ ਵਿੱਚ ਸੰਜਮਤਾ ਨਾਲ ਕੰਮ ਲੈਣਾ, ਜੇਕਰ ਰੱਬ ਕੋਲ ਮੇਰੇ ਲਈ ਖ਼ੈਰ ਹੋਵੇਗੀ ਤਾਂ ਮੈਨੂੰ ਇਸ ਤੋਂ ਚੰਗੇ ਵਸਤਰਾਂ ਵਿੱਚ ਬਦਲ ਦੇਵੇਗਾ, ਜੇਕਰ ਮੈਂ ਇਸ ਤੋਂ ਅੱਡ ਹਾਂ ਤਾਂ ਮੈਥੋਂ ਖੋਹ ਲਏਗਾ ਅਤੇ ਖੋਹਣ ਵਿੱਚ ਛੇਤੀ ਕਰੇਗਾ ਅਤੇ ਇਹ ਵੀ ਕਿ ਮੇਰੀ ਕਬਰ ਬਾਰੇ ਵੀ ਸੰਜਮਤਾ ਨਾਲ ਕੰਮ ਲੈਂਣਾ । ਜੇਕਰ ਰੱਬ ਕੋਲ ਮੇਰੇ ਲਈ ਇਸ ਵਿੱਚ ਭਲਾਈ ਹੈ ਤਾਂ ਇਸਨੂੰ ਐਨ੍ਹਾ ਖੁਲੱਾ ਕਰ ਦੇਵੇਗਾ ਕਿ ਜਿੱਥੇ ਤੱਕ ਮੇਰੀ ਨਜ਼ਰ ਜਾਵੇਗੀ ਅਤੇ ਜੇਕਰ ਮੈਂ ਇਸਤੋਂ ਅਡੱਰਾ ਹੋਇਆ ਤਾਂ ਉਹ ਇਸਨੂੰ ਹੋਰ ਤੰਗ ਕਰ ਦੇਵੇਗਾ ਕਿ ਮੇਰੀਆਂ ਪਸਲੀਆਂ ਟੁੱਟ ਜਾਣਗੀਆਂ ਅਤੇ ਫਿਰ ਮੇਰੇ ਜਨਾਜ਼ੇ ਨਾਲ ਕਿਸੇ ਇਸਤਰੀ ਨੂੰ ਨ ਲੈ ਜਾਣਾ । ਮੇਰੀ ਅਜਿਹੀ ਪ੍ਰਸ਼ੰਸਾ ਨ ਵਰਨਣ ਕਰਨਾ ਜੋ ਮੇਰੇ ਵਿੱਚ ਨਹੀਂ ਹੈ ਕਿਉਂਕਿ ਅਲੱਾਹ ਮੈਨੂੰ ਬਹੁਤ ਜਾਣਦਾ ਹੈ ਅਤੇ ਜੱਦ ਤੁਸੀਂ ਮੈਨੂੰ ਲੈ ਜਾਣ ਲੱਗੇ ਤਾਂ ਚਲੱਣ ਵਿੱਚ ਕਾਹਲੀ ਕਰਨਾ । ਜੇਕਰ ਮੇਰੇ ਲਈ ਰੱਬ ਕੋਲ ਖ਼ੈਰ ਹੈ ਤਾਂ ਤੁਸੀਂ ਮੈਨੂੰ ਉਸ ਚੀਜ਼ ਵੱਲ ਭੇਜਦੇ ਹੋ ਜੋ ਮੇਰੇ ਲਈ ਬਹੁਤੀ ਚੰਗੀ ਹੈ ਅਤੇ ਜੇਕਰ ਇਸ ਤੋਂ ਅਡੱਰਾ ਹਾਂ ਤਾਂ ਤੁਸੀਂ ਆਪਣੇ ਮੋਢਿਆਂ ਤੋਂ ਉਸ ਭਾਰ ਨੂੰ ਟਾਲ ਦਿਓਗੇ ਤੋਂ ਤੁਸੀਂ ਚੁੱਕਿਆ ਹੋਇਆ ਹੈ । ਇਸ ਤੋਂ ਬਿਨਾ ਇਹ ਵੀ ਜ਼ਿਕਰ ਮਿਲਦਾ ਹੈ ਕਿ ਹਜ਼ਰਤ ਉਮਰ ਨੇ ਵਸੀਯੱਤ ਕੀਤੀ ਸੀ ਕਿ ਮੈਨੂੰ ਖ਼ੁਸ਼ਬੋ ਅਰਥਾਤ ਕਸਤੂਰੀ ਆਦਿ ਨਾਲ ਇਸਨਾਨ ਨ ਦੇਣਾ ।

ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹੁ ਅਨਹੁ ਇਸ ਬਾਰੇ ਫ਼ਰਮਾਉਂਦੇ ਹਨ ਕਿ ਹਜ਼ਰਤ ਉਮਰ ਜਿਹਾ ਇਨਸਾਨ ਜਿੰਨ੍ਹਾ ਨੇ ਸਾਰੀ ਉਮਰ ਇਸਲਾਮ ਦੇ ਚਿੰਤਨ ਤੇ ਫ਼ਿਕਰ ਵਿੱਚ ਲਾ ਦਿੱਤੀ । ਜਿੰਨ੍ਹਾ ਨੇ ਹਰ ਮੌਕੇ ਉਤੱਮ ਤੋਂ ਉਤੱਮ ਕੁਰਬਾਨੀ ਕੀਤੀ ਸੰਭਵਤਾ ਕਰਮਾ ਦੇ ਪੱਖੋਂ ਉਹਨਾਂ ਦੀਆਂ ਕੁਰਬਾਨੀਆਂ ਹਜ਼ਰਤ ਅਬੂਬਕਰ ਰਜ਼ੀ ਅਲੱਾਹੁ ਅਨਹੁ ਦੀਆਂ ਕੁਰਬਾਨੀਆਂ ਤੱਕ ਪਹੁੰਚੀਆਂ ਹੋਈਆਂ ਸਨ ਪਰੰਤੂ ਨਿਸਚੇ ਤੇ ਨੀਯਤ ਦੇ ਪੱਖੋਂ ਸਾਰੀਆਂ ਬਰਾਬਰ ਸਨ । ਜੱਦ ਹਜ਼ਰਤ ਅਬੂਬਕਰ ਰਜ਼ੀ ਅਲੱਾਹੁ ਅਨਹੁ ਦਾ ਦੇਹਾਂਤ ਹੋਇਆ ਤਾਂ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੀਆਂ ਅਖੱਾਂ'ਚੋਂ ਹੰਝੂ ਵੱਗ ਤੁਰੇ ਅਤੇ ਉਹਨਾ ਨੇ ਕਿਹਾ ਰੱਬ ਹਜ਼ਰਤ ਅਬੂਬਕਰ'ਤੇ ਬਰਕਤ ਕਰੇ, ਮੈਂ ਕਈ ਵਾਰ ਜਤਨ ਕੀਤਾ ਕਿ ਇਹਨਾ ਤੋਂ ਵੱਧ ਜਾਵਾਂ ਪਰ ਸਫ਼ਲ ਨ ਹੋਇਆ । ਇਕ ਵਾਰ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲੱਮ ਦੇ ਫ਼ਰਮਾਇਆ ਮਾਲ ਲਿਆਓ ਤਾਂ ਮੈਂ ਆਪਣਾ ਅਧੱਾ ਮਾਲ ਲੈ ਗਿਆ ਅਤੇ ਵਿਚਾਰ ਕੀਤਾ ਕਿ ਅੱਜ ਮੈਂ ਅਬੂਬਕਰ ਰਜ਼ੀ ਅਲੱਾਹੁ ਅਨਹੁ ਤੋਂ ਵੱਧ ਜਾਵਾਂਗਾ, ਪਰ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਮੈਥੋਂ ਪਹਿਲਾਂ ਉੱਥੇ ਪਹੁੰਚੇ ਹੋਏ ਸਨ ਅਤੇ ਰਸੂਲੇ ਕਰੀਮ ਸਲਲੱਾਹੁ ਆਲੈਹਿ ਵਸਲੱਮ ਦਾ ਕਿਉਂਕਿ ਉਹਨਾ ਨਾਲ ਰਿਸ਼ਤਾ (ਸੰਬੰਧ) ਵੀ ਸੀ ਅਤੇ ਜਾਣਦੇ ਸਨ ਕਿ ਉਹਨਾਂ ਨੇ ਕੁਝ ਨਹੀਂ ਛੱਡਿਆ ਹੋਵੇਗਾ, ਇਸ ਲਈ ਪੁੱਛ ਰਹੇ ਸਨ ਕਿ ਅਬੂ ਬਕਰ ਘਰ ਵਿੱਚ ਕੀ ਛੱਡਿਆ ਹੈ । ਉਹਨਾਂ ਨੇ ਕਿਹਾ ਘਰ ਵਿੱਚ ਰੱਬ ਅਤੇ ਰਸੂਲ ਦਾ ਨਾਂ ਛੱਡਿਆ ਹੈ । ਇਹ ਕਹਿਕੇ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਰੋਂਦੇ ਅਤੇ ਫ਼ਰਮਾਉਂਦੇ ਇਸ ਸਮੇਂ ਵੀ ਮੈਂ ਉਹਨਾ ਤੋਂ ਵੱਧ ਨ ਸਕਿਆ । ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹੁ ਅਨਹੁ ਫ਼ਰਮਾਉਂਦੇ ਹਨ ਕਿ ਇਹ ਉਹਨਾਂ ਦੀਆਂ ਕੁਰਬਾਨੀਆਂ ਸਨ । ਹਜ਼ਰਤ ਅਬੂਬਕਰ ਰਜ਼ੀ ਅਲੱਾਹੁ ਅਨਹੁ ਪਹਿਲਾਂ ਵੀ ਦਿੰਦੇ ਰਹਿੰਦੇ ਸਨ ਪਰ ਜੱਦ ਵਿਸ਼ੇਸ਼ ਮੌਕਾ ਆਇਆ ਤਾਂ ਸਭ ਕੁਝ ਹੀ ਲਿਆ ਰੱਖਿਆ । ਇਸ ਪਾਸੇ ਤਾਂ ਇਹ ਲੋਕ ਸਨ ਅਤੇ ਇਸ ਪਾਸੇ ਉਹ ਲੋਕ ਹਨ ਜਿੰਨ੍ਹਾ ਨੂੰ ਆਪਣੇ ਮਾਲ ਦੇ ਦਸਵੇਂ ਭਾਗ ਦੀ ਕੁਰਬਾਨੀ ਦਾ ਵੀ ਮੌਕਾ ਮਿਲਦਾ ਹੈ ਤਾਂ ਕਹਿੰਦੇ ਹਨ ਕਿ ਅਸੀਂ ਲੁੱਟ ਗਏ ।

ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦਾ ਜੱਦ ਦੇਹਾਂਤ ਹੋਣ ਲਗੱਾ ਤਾਂ ਵਾਰ ਵਾਰ ਉਹਨਾਂ ਦੀਆਂ ਅਖੱਾਂ ਹੰਝੂਆਂ ਨਾਲ ਭਰ ਜਾਂਦੀਆਂ ਅਤੇ ਕਹਿੰਦੇ ਹੇ ਖ਼ੁਦਾ ! ਮੈਂ ਕਿਸੇ ਪੁਰਸਕਾਰ ਦਾ ਅਧਿਕਾਰੀ ਨਹੀਂ ਹਾਂ, ਮੈਂ ਤਾਂ ਕੇਵਲ ਇਹ ਚਾਹੁੰਦਾ ਹਾਂ ਕਿ ਦੰਡ ਤੋਂ ਬੱਚ ਜਾਵਾਂ ।

ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੀ ਨਮਾਜ਼ ਜਨਾਜ਼ਾਹ ਹਜ਼ਰਤ ਸੁਹੈਬ ਰਜ਼ੀ ਅਲੱਾਹੁ ਅਨਹੁ ਨੇ ਪੜ੍ਹਾਈ ਅਤੇ ਆਪ ਨੂੰ ਕਬਰ ਵਿੱਚ ਉਤਾਰਣ ਵਾਲਿਆਂ ਵਿੱਚ ਹਜ਼ਰਤ ਉਸਮਾਨ ਰਜ਼ੀ ਅਲੱਾਹੁ ਅਨਹੁ, ਸਈਦ ਬਿਨ ਜ਼ੈਦ ਰਜ਼ੀ ਅਲੱਾਹੁ ਅਨਹੁ, ਹਜ਼ਰਤ ਅਲੀ ਰਜ਼ੀ ਅਲੱਾਹੁ ਅਨਹੁ, ਅਬਦੁਰ ਰਹਮਾਨ ਬਿਨ ਔਫ਼ ਰਜ਼ੀ ਅਲੱਾਹੁ ਅਨਹੁ, ਸਅਦ ਬਿਨ ਅਬੀ ਵਕਾਸ ਰਜ਼ੀ ਅਲੱਾਹੁ ਅਨਹੁ, ਹਜ਼ਰਤ ਤਲਹਾ ਰਜ਼ੀ ਅਲੱਾਹੁ ਅਨਹੁ ਅਤੇ ਕੁਝ ਹੋਰ ਵੱਡੇ ਸਹਾਬਾ ਸ਼ਾਮਲ ਸਨ । ਦੇਹਾਂਤ ਸਮੇਂ ਆਪ ਰਜ਼ੀ ਅਲੱਾਹੁ ਅਨਹੁ ਦੀ ਉਮਰ ਵੱਖ ਵੱਖ ਰਿਵਾਇਤਾਂ ਅਨੁਸਾਰ 53 ਸਾਲ ਤੋਂ 63 ਸਾਲ ਤੱਕ ਦੱਸੀ ਜਾਂਦੀ ਹੈ ।

ਹਜ਼ਰਤ ਅਕਦਸ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਮਹਾਂਪੁਰਖਾਂ ਦੇ ਪਹਿਲੂ ਵਿੱਚ ਦਫ਼ਨ ਹੋਣਾ ਵੀ ਇਕ ਨੇਮਤ ਹੈ । ਜੋ ਵਿਅਕਤੀ ਪੂਰਨਤਾ ਰੱਬ ਦੀ ਚਾਹਤ ਨਾਲ ਉਸਦੇ ਦਾਮਨ ਨਾਲ ਸਲੰਗਤ ਹੋ ਜਾਂਦਾ ਹੈ ਤਾਂ ਉਹ ਉਸਨੂੰ ਨਸ਼ਟ ਨਹੀਂ ਕਰਦਾ । ਅਬੂ ਬਕਰ ਅਤੇ ਉਮਰ ਦੇ ਸਿਦਕ ਤੇ ਨੇਕੀ ਦੀ ਕੀ ਬੁਲੰਦ ਸ਼ਾਨ ਹੈ ਕਿ ਦੋਵੇਂ ਅਜਿਹੇ ਮੁਬਾਰਕ ਮਦਫ਼ਨ (ਦਫ਼ਨ ਹੋਣ ਦੀ ਥਾਂ) ਵਿੱਚ ਦਫ਼ਨ ਹੋਏ ਕਿ ਜੇਕਰ ਮੂਸਾ ਅਤੇ ਈਸਾ ਜੀਉਂਦੇ ਹੁੰਦੇ ਤਾਂ ਅਤਿਅੰਤ ਸ਼ੌਕ ਨਾਲ ਉੱਥੇ ਦਫ਼ਨ ਹੋਣ ਦੀ ਆਸ਼ਾ ਕਰਦੇ ।

ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹੁ ਅਨਹੁ ਫ਼ਰਮਾਉਂਦੇ ਹਨ ਕਿ ਜੱਦ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਫ਼ੌਤ ਹੋਣ ਲੱਗੇ ਤਾਂ ਉਹਨਾ ਨੇ ਇਸ ਗੱਲ ਲਈ ਬਹੁਤ ਤੜਪ ਪ੍ਰਕਟ ਕੀਤੀ ਕਿ ਆਪ ਨੂੰ ਰਸੂਲੇ ਕਰੀਮ ਸਲਲੱਾਹੁ ਅਲੈਹਿ ਦੇ ਕਦਮਾਂ ਵਿੱਚ ਥਾਂ ਮਿਲ ਜਾਏ । ਹਜ਼ਰਤ ਉਮਰ ਉਹ ਇਨਸਾਨ ਸਨ ਜਿੰਨ੍ਹਾ ਬਾਰੇ ਇਸਾਈ ਇਤਿਹਾਸਕਾਰ ਵੀ ਲਿਖੱਦੇ ਹਨ ਕਿ ਉਹਨਾਂ ਨੇ ਅਜਿਹੀ ਹੁਕੂਮਤ ਕੀਤੀ ਜੋ ਦੁਨੀਆ ਵਿੱਚ ਕਿਸੇ ਹੋਰ ਨੇ ਨਹੀਂ ਕੀਤੀ । ਇਸਾਈ ਇਤਿਹਾਸਕਾਰ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲੱਮ ਨੂੰ ਗਾਲ੍ਹਾਂ ਦਿੰਦੇ ਹਨ ਪਰ ਹਜ਼ਰਤ ਉਮਰ ਦੀ ਪ੍ਰਸ਼ੰਸਾ ਕਰਦੇ ਹਨ । ਅਜਿਹਾ ਵਿਅਕਤੀ ਹਰ ਸਮੇਂ ਸੰਗਤ ਵਿੱਚ ਰਹਿਣ ਵਾਲਾ ਮਰਦੇ ਸਮੇਂ ਵੀ ਹਸਰਤ ਰਖੱਦਾ ਹੈ ਕਿ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲੱਮ ਦੇ ਕਦਮਾਂ ਵਿੱਚ ਉਸਨੂੰ ਥਾਂ ਮਿਲ ਜਾਏ ।

ਹਜ਼ਰਤ ਉਮਰ ਦੇ ਦੇਹਾਂਤ ਸਮੇਂ ਉਮਰ, ਸਹੀ ਮੁਸਲਿਮ ਅਤੇ ਤਿਰਮਿਜ਼ੀ ਦੀ ਰਿਵਾਇਤ ਅਨੁਸਾਰ 63 ਸਾਲ ਵਰਨਣ ਕੀਤੀ ਗਈ ਹੈ । ਹਜ਼ਰਤ ਅਨਸ ਬਿਨ ਮਾਲਕ ਤੋਂ ਰਿਵਾਇਤ ਹੈ ਕਿ ਦੇਹਾਂਤ ਸਮੇਂ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦੀ ਉਮਰ 63 ਸਾਲ ਸੀ, ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਦੀ ਦੇਹਾਂਤ ਸਮੇਂ ਉਮਰ 63 ਸਾਲ ਸੀ ਅਤੇ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹ ਦੀ ਵੀ ਉਮਰ ਦੇਹਾਂਤ ਸਮੇਂ 63 ਸਾਲ ਸੀ ।

ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੇ ਪਵਿਤੱਰ ਸ਼ਰੀਰ ਦੇ ਸਰਾਹਣੇ ਖੜੇ ਹੋਕੇ ਹਜ਼ਰਤ ਅਲੀ ਰਜ਼ੀ ਅਲੱਾਹੁ ਅਨਹੁ ਨੇ ਫ਼ਰਮਾਇਆ ਕਿ ਆਪ ਰਜ਼ੀ ਅਲੱਾਹੁ ਅਨਹੁ ਨੇ ਕੋਈ ਅਜਿਹਾ ਵਿਅਕਤੀ ਨਹੀਂ ਛੱਡਿਆ ਜੋ ਆਪ ਤੋਂ ਵਧੱਕੇ ਮੈਂਨੂੰ ਇਸ ਪੱਖੋਂ ਪਿਆਰਾ ਹੋਵੇ ਕਿ ਮੈਂ ਉਸਦੇ ਕਰਮਾ ਜਿਹਾ ਕਰਮ ਕਰਾਂ । ਰੱਬ ਦੀ ਸਹੁੰ ! ਮੈਂਨੂੰ ਇਸ ਚਦੱਰ ਵਿੱਚ ਲਿਪਟੇ ਹੋਏ ਮਨੁੱਖ ਤੋਂ ਵੱਧ ਪੂਰੇ ਸੰਸਾਰ ਵਿੱਚ ਕੋਈ ਵਿਅਕਤੀ ਪਸੰਦ ਨਹੀਂ । ਮੈਂ ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਤੋਂ ਬਹੁਤ ਵਾਰੀ ਸੁਣਿਆ ਹੈ ਕਿ ਆਪ ਫ਼ਰਮਾਇਆ ਕਰਦੇ ਸਨ ਕਿ ਮੈਂ ਅਤੇ ਅਬੂ ਬਕਰ ਅਤੇ ਉਮਰ ਦਾਖ਼ਲ ਹੋਏ, ਮੈਂ ਅਤੇ ਅਬੂਬਕਰ ਤੇ ਉਮਰ ਨਿਕਲੇ । ਅਰਥਾਤ ਇਉਂ ਆਪ ਸਲਲੱਾਹੁ ਅਲੈਹਿ ਵਸਲੱਮ ਅਨੇਕਾਂ ਵਾਕ ਬੋਲਦੇ ।

ਅਬਦੁਲੱਾਹ ਬਿਨ ਮਸਊਦ ਰਜ਼ੀ ਅਲੱਾਹੁ ਅਨਹੁ ਨੇ ਹਜ਼ਰਤ ਉਮਰ ਦੇ ਦੇਹਾਂਤ ਸਮੇਂ ਫ਼ਰਮਾਇਆ ਕਿ ਆਪ ਰਜ਼ੀ ਅਲੱਾਹੁ ਅਨਹੁ ਇਸਲਾਮ ਲਈ ਸੁੰਦਰ ਖੰਡ ਸਨ । ਜੇਕਰ ਆਪਦਾ ਗਿਆਨ ਤਕੜੀ ਦੇ ਇਕ ਪਲੜੇ ਵਿੱਚ ਰੱਖਿਆ ਜਾਵੇ ਅਤੇ ਬਾਕੀ ਸਾਰਿਆਂ ਮਨੁੱਖਾਂ ਦਾ ਗਿਆਨ ਦੂਜੇ ਪਲੜੇ ਵਿੱਚ ਰੱਖਿਆ ਜਾਵੇ ਤਾਂ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦਾ ਪਲੜਾ ਭਾਰਾ ਹੋਵੇਗਾ । ਹਜ਼ਰਤ ਹੁਜ਼ੈਫ਼ਾ ਰਜ਼ੀ ਅਲੱਾਹੁ ਅਨਹੁ ਨੇ ਕਿਹਾ ਕਿ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੇ ਦੌਰ ਵਿੱਚ ਇਸਲਾਮ ਦੀ ਉਧਾਰਣ ਉਸ ਵਿਅਕਤੀ ਵਾਂਗ ਸੀ ਜੋ ਨਿਰੰਤਰ ਪ੍ਰਗਤੀ ਦੇ ਮਾਰਗ'ਤੇ ਸੀ । ਹਜ਼ਰਤ ਅਬਦੁਲੱਾਹ ਬਿਨ ਸਲਾਮ ਨੇ ਕਿਹਾ ਹਜ਼ਰਤ ਉਮਰ ਸਚੱਾਈ ਲਈ ਸਖ਼ੀ (ਹਮਦਰਦ) ਅਤੇ ਝੂਠ ਲਈ ਬਖ਼ੀਲ ਸਨ । ਆਪ ਦੇ ਦੇਹਾਂਤ'ਤੇ ਸਈਦ ਬਿਨ ਜ਼ੈਦ ਨੇ ਰੋਂਦਿਆਂ ਹੋਇਆਂ ਫ਼ਰਮਾਇਆ ਕਿ ਉਮਰ ਦਾ ਦੇਹਾਂਤ ਇਸਲਾਮ ਵਿੱਚ ਅਜਿਹੀ ਘਾਟ ਪੈਦਾ ਹੋ ਗਈ ਹੈ ਜੋ ਪਰਲੈ ਤੱਕ ਪੂਰੀ ਨਹੀਂ ਹੋਵੇਗੀ ।

ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਵੱਖ ਵੱਖ ਸਮਿਆਂ ਵਿੱਚ ਦੱਸ ਵਿਆਹ ਕੀਤੇ ਜਿੰਨ੍ਹਾ ਵਿੱਚ ਨੌ ਪੁਤੱਰ ਅਤੇ ਚਾਰ ਪੁਤੱਰੀਆਂ ਪੈਦਾ ਹੋਈਆਂ ।

ਪ੍ਰਸਿਧ ਓਰੀਐਂਟਲ ਐਡਵਰਡ ਗਬੱਨ ਲਿਖੱਦਾ ਹੈ ਕਿ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੀ ਸੰਜਮਤਾ ਅਤੇ ਵਿਨਮ੍ਰਤਾ ਹਜ਼ਰਤ ਅਬੂ ਬਕਰ ਤੋਂ ਘੱਟ ਨਹੀਂ ਸੀ । ਆਪ ਦੇ ਖਾਣੇ ਵਿੱਚ ਜੌ ਦੀ ਰੋਟੀ ਅਤੇ ਖਜੂਰਾਂ ਹੀ ਹੁੰਦੀਆਂ ਸਨ, ਪਾਣੀ ਆਪ ਦਾ ਮਸ਼ਰੂਬ ਸੀ ।

ਮਾਈਕਲ ਐਚ ਹਾਰਟ ਨੇ ਆਪਣੀ ਕਿਤਾਬ (The Hundred) 'ਦ ਹੰਡਰਡ' ਵਿੱਚ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦਾ ਜ਼ਿਕਰ 52ਵੇਂ ਨੰਬਰ'ਤੇ ਕੀਤਾ ਹੈ । ਇਹ ਲਿਖੱਦਾ ਹੈ ਕਿ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਸੰਭਵਤਾ ਮੁਸਲਮਾਨਾ ਵਿੱਚ

ਸਭ ਤੋਂ ਮਹਾਨ ਖ਼ਲੀਫ਼ਾ ਸਨ । ਉਮਰ 634 ਈ. ਵਿੱਚ ਖ਼ਲੀਫ਼ਾ ਬਣੇ ਅਤੇ 644 ਈ. ਤੱਕ ਖ਼ਲੀਫ਼ਾ ਰਹੇ । ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦਾ ਦੱਸ ਸਾਲਾ ਕਾਲ ਹੀ ਸੀ ਜਿਸ ਵਿੱਚ ਅਰਬਾਂ ਨੇ ਸਭ ਤੋਂ ਮਹਤੱਵਪੂਰਨ ਜਿੱਤਾ ਪ੍ਰਾਪਤ ਕੀਤੀਆਂ । ਜਿੰਨ੍ਹੀਆਂ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੀਆਂ ਜਿਤੱਾਂ ਵਿਸ਼ਾਲ ਤੇ ਮਹਤੱਵਪੂਰਨ ਹਨ ਉਨ੍ਹੀਆਂ ਹੀ ਉਹਨਾਂ ਦੀਆ ਜਿਤੱਾਂ ਦੀ ਉਤੱਮਤਾ ਵੀ ਮਹਤੱਵਪੂਰਨ ਹੈ । ਉਮਰ ਦੀਆਂ ਸਫ਼ਲਤਾਵਾਂ ਨਿਰਸੰਦੇਹ ਪ੍ਰਭਾਵਪੂਰਨ ਹਨ । ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੇ ਬਾਦ ਆਪ ਇਸਲਾਮ ਦੇ ਪ੍ਰਸਾਰ ਵਿੱਚ ਝੰਡਾ ਪ੍ਰਵਾਹਕ ਵਿਅਕਤੀ ਸਨ । ਉਮਰ ਦੇ ਕਾਲ ਵਿੱਚ ਅਰਬਾਂ ਦੀਆਂ ਜਿਤੱਾਂ ਸ਼ਾਰੁਲ ਯਮਨ ਤੇ ਜੋਲੀਸ ਸੀਜ਼ਰ ਦੇ ਟਾਕਰੇ ਵਿੱਚ ਵਾਲੀਅਮ ਤੇ ਸਮੇਂ ਦੇ ਪੱਖੋਂ ਬਹੁਤ ਅਧਿਕ ਹਨ ।

ਪ੍ਰੋਫ਼ੈਸਰ ਫ਼ਿਲਪ ਕੇ ਏ ਟੀ ਲਿਖੱਦੇ ਹਨ ਕਿ ਸਾਦਗੀ, ਗੁਣਵਤੱਾ ਤੇ ਗਤੀਸ਼ੀਲਤਾ ਅਤੇ ਉਤਰਾਧਿਕਾਰੀ ਦੀ ਯੋਗਤਾ ਦੇ ਪੱਖੋਂ ਉਮਰ ਉੱਚ ਪਧੱਰੀ ਤੇ ਮਜ਼ਬੂਤ ਸ਼ਰੀਰ ਵਾਲੇ ਸਨ । ਆਪ ਨੇ ਇਕ ਪੇਂਡੂਆਂ ਵਾਂਗ ਸਾਦਾ ਜੀਵਨ ਲੰਘਾਇਆ । ਆਪ ਦਾ ਬੁਲੰਦ ਤੇ ਉਚੱਾ ਕਿਰਦਾਰ ਸਾਰਿਆਂ ਜ਼ਮੀਰ ਵਾਲੇ ਉਤਰਾਧਿਕਾਰੀਆਂ ਲਈ ਪੈਰ੍ਹਵੀ ਦਾ ਨਮੂਨਾ ਬਣ ਗਿਆ ।

ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦਾ ਜ਼ਿਕਰ ਭਵਿੱਖ ਵਿੱਚ ਜਾਰੀ ਰਹਿਣ ਬਾਰੇ ਕਹਿਣ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਨੇ ਹੇਠ ਲਿਖੇ ਮਰਹੂਮਾ ਦਾ ਜ਼ਿਕਰੇ ਖ਼ੈਰ ਕੀਤਾ ਅਤੇ ਨਮਾਜ਼ ਜਨਾਜ਼ਾਹ ਗ਼ਾਇਬ ਪੜ੍ਹਾਉਣ ਦਾ ਐਲਾਨ ਕੀਤਾ ।

1. ਸਾਹਿਬਜ਼ਾਦੀ ਆਸਿਫ਼ਹ ਮਸਊਦਹ ਬੇਗ਼ਮ ਸਾਹਿਬਾ ਸੁਪਤੱਨੀ ਡਾਕਟਰ ਮਿਰਜ਼ਾ ਮੁਬਸ਼ੱਰ ਅਹਮਦ ਸਾਹਬ । ਆਪ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਨਵਾਸੀ, ਹਜ਼ਰਤ ਨਵਾਬ ਮੁਬਾਰਕਾ ਬੇਗ਼ਮ ਸਾਹਿਬਾ ਅਤੇ ਹਜ਼ਰਤ ਨਵਾਬ ਮੁਹਮੱਦ ਅਲੀ ਖ਼ਾਨ ਸਾਹਿਬ ਦੀ ਸਭ ਤੋਂ ਛੋਟੀ ਸਾਹਿਬਜ਼ਾਦੀ ਸਨ । ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਮੇਰੇ ਨਾਲ ਇਹਨਾ ਦੇ ਵੱਖ ਵੱਖ ਰਿਸ਼ਤੇ ਸਨ, ਇਹ ਮੇਰੀ ਦਾਦੀ ਦੀ ਭੈਣ ਵੀ ਸਨ, ਰਿਸ਼ਤੇ ਵਿੱਚ ਮਾਸੀ ਤੇ ਭੂਆ ਵੀ ਬਣਦੀ ਸਨ । ਇਹਨਾ ਸਾਰਿਆਂ ਰਿਸ਼ਤਿਆਂ ਦੇ ਹੁੰਦਿਆਂ ਹੋਇਆਂ ਵੀ ਕਹਿੰਦੀ ਮੈਂ ਕੇਵਲ ਸਮੇਂ ਦੇ ਖ਼ਲੀਫ਼ਾ ਦੀ ਤਾਬਿਆਦਾਰ ਹਾਂ । ਇਹਨਾਂ ਦੇ ਪਿਛੋਕੜ ਵਿੱਚ ਇਕ ਪੁਤੱਰ ਅਤੇ ਚਾਰ ਪੁਤੱਰੀਆਂ ਸ਼ਾਮਲ ਹਨ । ਮਰਹੂਮਾ ਗ਼ਰੀਬਾਂ, ਮਾਤਹਿਤਾਂ, ਮੁਲਾਜ਼ਮਾਂ ਅਤੇ ਸਾਕਾਂ ਸੰਬੰਧੀਆਂ ਦਾ ਬਹੁਤ ਧਿਆਨ ਰਖੱਣ ਵਾਲੀ, ਹਕੂਕੁਲੱਾਹ ਤੇ ਹਕੂਕੁਲ ਇਬਾਦ (ਰੱਬ ਅਤੇ ਉਸਦੇ ਬੰਦਿਆਂ ਦੇ ਹਕੱਾਂ) ਦੀ ਪਾਬੰਦ, ਖ਼ਿਲਾਫ਼ਤ ਦੀ ਆਗਿਆਕਾਰ, ਪ੍ਰੇਮੀ ਤੇ ਬਹੁਤ ਦਾਨੀ ਇਸਤਰੀ ਸਨ । ਇਬਾਦਤਾਂ ਤੇ ਆਰਥਕ ਕੁਰਬਾਨੀਆਂ ਵਿੱਚ ਬਹੁੱਤ ਅੱਗੇ ਵਧੀ ਹੋਈ ਸਨ ।

2. ਮੁਕਰੱਮਾ ਕਲਾਰ ਆਪਾ ਸਾਹਿਬਾ ਸੁਪੱਤਨੀ ਰੋਲਾਨ ਸਾਇਨ ਬਾਈਫ਼ ਸਾਹਬ ਸਾਬਕਾ ਅਮੀਰ ਜਮਾਤ ਕਜ਼ਾਕਸਤਾਨ ।

3. ਮੁਕਰੱਮ ਵਿੰਗ ਕਮਾਂਡਰ ਅਬਦੁਰ ਰਸ਼ੀਦ ਸਾਹਬ, ਹਜ਼ਰਤ ਖ਼ਲੀਫ਼ਾਤੁਲ ਮਸੀਹ ਰਾਬੇ ਰਹਿਮਾਹੁਲੱਾਹ ਤਆਲਾ ਨੇ ਇਹਨਾ ਨੂੰ ਲੀਬੀਆ ਦਾ ਪਹਿਲਾ ਅਮੀਰ ਨਿਯੁਕਤ ਕੀਤਾ ਸੀ ।

4. ਮੁਕਰੱਮਾ ਜ਼ੁਬੈਦਹ ਬੇਗ਼ਮ ਸਾਹਿਬਾ ਸੁਪੱਤਨੀ ਕਰੀਮ ਅਹਮਦ ਨਈਮ ਸਾਹਬ ਆਫ਼ ਅਮਰੀਕਾ ਅਤੇ

5. ਮੁਕਰੱਮ ਹਫ਼ੀਜ਼ ਅਹਮਦ ਘੁਮੱਣ ਸਾਹਬ ।

ਹਜ਼ੂਰ ਅਨਵਰ ਨੇ ਇਹਨਾ ਸਾਰਿਆਂ ਮਰਹੂਮਾਂ ਦੀ ਬਖ਼ਸ਼ਿਸ਼ ਤੇ ਦਰਜਿਆਂ ਦੀ ਬੁਲੰਦੀ ਲਈ ਦੁਆ ਕੀਤੀ ।

اَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ اَنْفُسِنَا وَمِنْ سَيِّئَاتِ اَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ
فَلَا هَادِيَ لَهٗ وَنَشْهَدُ اَنْ لَّا اِلٰهَ اِلَّا اللّٰهُ وَنَشْهَدُ اَنَّ مُحَمَّدًا عَبْدُهٗ وَرَسُوْلُهٗ عِبَادَ اللّٰهِ رَحِمَكُمُ اللّٰهُ اِنَّ اللّٰهَ يَأْمُرُ بِالْعَدْلِ وَالْاِحْسَانِ وَاِيْتَآءِ ذِی الْقُرْبٰی وَيَنْهٰی عَنِ
الْفَحْشَآءِ وَالْمُنْكَرِ وَالْبَغْیِ يَعِظُكُمْ لَعَلَّكُمْ تَذَكَّرُوْنَ اُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ اَكْبَرُ۔

**Khulasa Khutba Jumma 22.10.2021**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131